# ਦਿਲਾਂ 'ਚ ਲਹਿ ਗਿਆ 'ਵਿਰਾਸਤ ਫਾਊਂਡੇਸ਼ਨ' ਵਲੋਂ ਕਰਵਾਇਆ ਗਿਆ ਕਲਾਸੀਕਲ ਸੰਗੀਤ ਦਾ ਪ੍ਰੋਗਰਾਮ



ਸਰੀ:- ਭਾਰਤੀ ਕਲਾਸੀਕਲ ਸੰਗੀਤ ਦੀ ਪਰੰਪਰਾ ਨੂੰ ਕਾਇਮ ਰੱਖਣ ਵਾਲੇ ਕਲਾਕਾਰਾਂ ਦੀ ਸਾਧਨਾ ਦਾ ਰੰਗ ਉਦੋਂ ਭਲੀ-ਭਾਂਤ ਨਜ਼ਰੀਂ ਆ ਰਿਹਾ ਸੀ ਜਦੋਂ ਉਨ੍ਹਾਂ ਵੱਲੋਂ ਛੇੜੀਆਂ ਕਲਾਸੀਕਲ ਵੋਕਲ ਸੰਗੀਤ ਦੀਆਂ ਧੁਨਾਂ 'ਤੇ ਮੰਤਰ ਮੁਗਧ ਹੋਏ ਸਰੋਤੇ ਕਿਸੇ ਆਨੰਦ ਅਵਸਥਾ ਵਿਚ ਪਹੁੰਚ ਗਏ ਲਗਦੇ ਸਨ ।

"ਵਿਰਾਸਤ ਫਾਊਂਡੇਸ਼ਨ" ਵੱਲੋਂ 1 ਜੂਨ ਐਤਵਾਰ ਵਾਲੇ ਦਿਨ ਇਥੋਂ ਦੇ 'ਪੈਨੋਰਾਮਾ ਰਿੱਜ ਸੈਕੰਡਰੀ ਸਕੂਲ' ਦੇ ਸੁੰਦਰ ਥੀਏਟਰ ਦੀ ਸਟੇਜ 'ਤੇ ਕਰਵਾਏ ਗਏ ਇਸ ਕਲਾਸੀਕਲ ਸੰਗੀਤ ਪ੍ਰੋਗਰਾਮ ਦਾ ਆਲਮ ਇਹ ਸੀ ਕਿ ਕਈ ਘੰਟੇ ਚੱਲੇ ਇਸ ਪ੍ਰੋਗਰਾਮ ਵਿਚ ਦਰਸ਼ਕ ਸਾਹ ਰੋਕ ਕੇ ਬੈਠੇ ਰਹੇ। ਪ੍ਰਬੰਧਕਾਂ ਨੇ ਸਾਰੇ ਮਹੌਲ ਨੂੰ ਸੰਗੀਤਮਈ ਬਣਾਉਣ ਲਈ ਸਟੇਜ ਦੀ ਸਜਾਵਟ ਬਹੁਤ ਹੀ ਰੂਹਦਾਰੀ ਨਾਲ ਕੀਤੀ ਹੋਈ ਸੀ। ਹਾਲ ਦੇ ਬਾਹਰ ਪੇਸ਼ਕਾਰ ਕਲਾਕਾਰਾਂ ਅਤੇ ਹੋਰ ਸੰਗੀਤਕਾਰਾਂ ਦੀਆਂ ਮਿਆਰੀ ਸੰਗੀਤ ਦੀਆਂ ਸੀ. ਡੀਜ਼ ਅਤੇ ਪੰਜਾਬੀ ਦੀਆਂ ਪੁਸਤਕਾਂ ਖੂਬਸੂਰਤ ਢੰਗ ਨਾਲ ਸਜਾਈਆਂ ਹੋਈਆ ਸਨ। ਹਾਲ ਵਿਚ ਪ੍ਰਵੇਸ਼ ਕਰਦਿਆਂ ਹੀ ਸਟੇਜ ਦੀ ਸਾਰੀ ਸਜ ਧਜ ਤੇ ਹੋਰ ਖੂਬਸੂਰਤੀ ਨੂੰ ਦੇਖ ਕੇ ਮਨ ਸ਼ਾਂਤ ਹੋ ਗਿਆ। ਕਲਾਸੀਕਲ ਸੰਗੀਤ ਦੀਆਂ ਖ਼ੂਬਸੂਰਤ ਧੁਨਾਂ ਦੀ ਮਿਠਾਸ ਨੇ ਪੂਰੇ ਵਾਤਾਵਰਨ ਵਿਚ ਰਸ ਘੋਲ ਦਿੱਤਾ ਸੀ ।

ਪ੍ਰੋਗਰਾਮ ਦੇ ਸ਼ੁਰੂ 'ਚ 'ਵਿਰਾਸਤ ਫਾਊਂਡੇਸ਼ਨ' ਦੇ ਪ੍ਰਧਾਨ ਸ੍ਰੀ ਭੁਪਿੰਦਰ ਮੱਲ੍ਹੀ ਨੇ ਸਭ ਦਾ ਸਵਾਗਤ ਕਰਦਿਆਂ 'ਜੀ ਆਇਆਂ' ਕਿਹਾ ਤੇ ਟੀ ਵੀ ਹੋਸਟ ਤੇਜਿੰਦਰ ਸਿੰਘ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੰਭਾਲਦਿਆਂ ਉੱਘੇ ਪੰਜਾਬੀ ਲੇਖਕ ਸ੍ਰੀ ਹਰਭਜਨ ਸਿੰਘ ਬੈਂਸ ਅਤੇ ਵੈਨਕੂਵਰ 'ਚ ਲੰਮੇ ਅਰਸੇ ਤੋਂ ਸੰਗੀਤ ਦਾ ਚਿਰਾਗ ਰੌਸ਼ਨ ਕਰ ਰਹੇ ਸ੍ਰੀ ਬਲਵੀਰ ਸਿੰਘ ਭੰਗੂ ਨੂੰ ਸਟੇਜ 'ਤੇ ਸ਼ਮ੍ਹਾ ਰੌਸ਼ਨ ਕਰਨ ਦਾ ਸੱਦਾ ਦਿੱਤਾ । ਭੁਪਿੰਦਰ ਮੱਲ੍ਹੀ ਤੇ ਰਣਜੀਤ ਕਲਸੀ ਹੁਰਾਂ ਨੇ ਉਨ੍ਹਾਂ ਦੀ ਸਟੇਜ ਤਕ ਅਗਵਾਈ ਕੀਤੀ ।

ਖ਼ੂਬਸੂਰਤ ਅੰਦਾਜ਼ ਵਿਚ ਮੰਚ ਸੰਚਾਲਨ ਕਰਦਿਆਂ ਤੇਜਿੰਦਰ ਸਿੰਘ ਨੇ ਭੈਣੀ ਸਾਹਿਬ ਪੰਜਾਬ ਤੋਂ ਉੱਘੇ ਵੋਕਲਿਸਟ ਮੋਹਨ ਸਿੰਘ ਨੂੰ ਸੱਦਾ ਦਿੱਤਾ ਜਿਨ੍ਹਾਂ ਨੇ ਸਟੇਜ 'ਤੇ ਆ ਕੇ ਆਪਣੇ ਫ਼ਨ ਦਾ ਐਸਾ ਮੁਜ਼ਾਹਰਾ ਕੀਤਾ ਕਿ ਦਰਸ਼ਕ ਇਕਸੁਰ ਹੋਏ ਕਿਤੇ ਗੁਆਚ ਗਏ ਲਗਦੇ ਸਨ ।

ਮੋਹਨ ਸਿੰਘ ਨੇ ਯਮਨ ਰਾਗ ਵਿਚ ਬੜਾ ਖ਼ਿਆਲ, ਛੋਟਾ ਖ਼ਿਆਲ ਅਤੇ ਤਰਾਨਾ ਪੇਸ਼ ਕਰ ਕੇ ਸੁਰਾਂ ਦੀ ਬਰਸਾਤ ਕੀਤੀ । ਗਲੇ 'ਚੋਂ ਲੱਗ ਰਹੀਆਂ ਖ਼ੂਬਸੂਰਤ ਅੰਦਾਜ਼ ਦੀਆਂ ਮੁਰਕੀਆਂ ਤੋਂ ਸਹਿਜੇ ਹੀ ਉਨ੍ਹਾਂ ਦੀ ਸੰਗੀਤ ਸਾਧਨਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਸੀ ।

ਉਨ੍ਹਾਂ ਵੱਲੋਂ ਮਾਲ੍ਹਕੌਂਸ ਰਾਗ ਵਿਚ ਛੇੜੀ ਪੰਜਾਬੀ ਬੰਦਿਸ਼ "ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾ" ਵੀ ਜਿਵੇਂ ਉਨ੍ਹਾਂ ਦੀ ਕਲਾ ਦਾ ਕਮਾਲ ਹੀ ਸੀ ਤੇ ਫੇਰ ਮਿਸ਼ਰ ਖਮਾਜ ਵਿਚ ਠੁਮਰੀ ਦਾ ਅੰਗ ਵੀ ਸੁਣਨ ਤੇ ਮਾਣਨ ਵਾਲਾ ਹੀ ਸੀ ।



ਕੁਝ ਵਕਫ਼ੇ ਬਾਅਦ ਸਟੇਜ 'ਤੇ ਮੌਜੂਦ ਸਨ ਭਾਰਤ ਦੇ ਮਸ਼ਹੂਰ ਬੰਸਰੀ ਵਾਦਕ ਪੰਡਿਤ ਰੋਨੂੰ ਮਜੂਮਦਾਰ ਜੀ, ਜਿਨ੍ਹਾਂ ਦੀਆਂ ਉਂਗਲਾਂ ਦੇ ਪੋਟੇ ਬੰਸਰੀ ਦੇ ਸੁਰਾਂ 'ਤੇ ਇਸ ਤਰ੍ਹਾਂ ਥਿਰਕ ਰਹੇ ਸਨ ਜਿਵੇਂ ਸ਼ਾਂਤ ਖੜ੍ਹੇ ਪਾਣੀ 'ਚ ਕਿਸੇ ਵੱਲੋਂ ਮਾਰੇ ਕੰਕਰ ਕਾਰਨ ਲਹਿਰਾਂ ਦਾ ਤੂਫਾਨ ਉੱਠ ਖੜ੍ਹਾ ਹੋਇਆ ਹੋਵੇ ਤੇ ਉਨ੍ਹਾਂ ਸੰਗੀਤਕ ਲਹਿਰਾਂ ਦੀਆਂ ਧੁਨਾਂ ਪੂਰੇ ਚੌਗਿਰਦੇ ਵਿਚ ਫੈਲ ਗਈਆਂ ਹੋਣ ।

ਪੰਡਿਤ ਰੋਨੂੰ ਮਜੂਮਦਾਰ ਨੇ ਰਾਗ ਭਾਗੇਸ਼ਵਰੀ, ਅਲਾਪ, ਜੋੜ ਅਲਾਪ,  ਝੱਪ ਤਾਲ ਤੇ ਤੀਨ ਤਾਲ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ । ਰਾਗ ਪਹਾੜੀ ਵਿਚ ਪੇਸ਼ ਕੀਤੀ ਰਾਗ ਮਾਲਾ ਤੇ ਉਸ ਵਿਚ ਪੰਜਾਬੀ ਅੰਗ ਦੀ ਪੇਸ਼ਕਾਰੀ ਤਾਂ ਜਿਵੇਂ ਉਨ੍ਹਾਂ ਦੀ ਕਲਾ ਦਾ ਸਿਖਰ ਹੀ ਹੋਵੇ । ਇਉਂ ਲੱਗ ਰਿਹਾ ਸੀ, ਜਿਵੇਂ ਬੰਸਰੀ ਦੇ ਸੁਰ ਦਰਸ਼ਕਾਂ ਦੀ ਸਾਹ ਗਤੀ ਨਾਲ ਲੀਨ ਹੋ ਗਏ ਹੋਣ । ਪਹਾੜੀ ਰਾਗ ਦੇ ਚਲਦਿਆਂ ਦੂਜੇ ਰਾਗਾਂ 'ਚ ਪ੍ਰਵੇਸ਼ ਕਰਨ ਦੀ ਪੇਸ਼ਕਾਰੀ ਵੀ ਕਮਾਲ ਸੀ ।

ਉਨ੍ਹਾਂ ਵੱਲੋਂ ਬੰਸਰੀ ਦੀਆਂ ਧੁਨਾਂ 'ਚੋਂ ਪੇਸ਼ ਕੀਤੀ ਗਈ "ਹੀਰ" ਨੇ ਤਾਂ ਜਿਵੇਂ ਦਰਸ਼ਕਾਂ ਦੀਆਂ ਨਬਜ਼ਾਂ ਹੀ ਰੋਕ ਦਿੱਤੀਆਂ ਹੋਣ । ਵਿਰਾਗਮਈ ਰਾਗ ਭੈਰਵੀ 'ਚ ਛੇੜੀ ਹੀਰ ਨੇ ਸਾਰਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ ਸਨ ।

ਇਨ੍ਹਾਂ ਦੋਵਾਂ ਕਲਾਕਾਰਾਂ ਦੀ ਕਲਾ ਨੂੰ ਚਾਰ ਚੰਨ ਲਾਉਣ ਵਾਲੇ ਸਨ ਬਨਾਰਸ ਘਰਾਣੇ ਦੇ ਉੱਘੇ ਤਬਲਾ ਵਾਦਕ ਪਾਰਥਾ ਸਾਰਥੀ ਮੁਖਰਜੀ। ਤਬਲੇ 'ਤੇ ਥਿਰਕਦੀਆਂ ਪਾਰਥਾ ਸਾਰਥੀ ਦੀਆਂ ਉਂਗਲਾਂ 'ਤੇ ਜਿਵੇਂ ਅੱਖਾਂ ਨੂੰ ਯਕੀਨ ਨਹੀਂ ਸੀ ਹੋ ਰਿਹਾ । ਪਹਿਲਾਂ ਭਾਈ ਮੋਹਨ ਸਿੰਘ ਵੱਲੋਂ ਪੇਸ਼ ਕੀਤੇ ਗਏ ਕਲਾਸੀਕਲ ਵੋਕਲ ਸੰਗੀਤ ਅਤੇ ਫੇਰ ਪੰਡਿਤ ਰੋਨੂੰ ਮਜੂਮਦਾਰ ਜੀ ਵੱਲੋਂ ਪੇਸ਼ ਕੀਤੇ ਗਏ ਬੰਸਰੀ ਵਾਦਨ ਨਾਲ ਤਬਲੇ ਦੀ ਸੰਗਤ ਕਰਦਿਆਂ ਪਾਰਥਾ ਸਾਰਥੀ ਨੇ ਮਹਾਨ ਤਬਲਾ ਵਾਦਕ ਪੰਡਿਤ ਸਮਤਾ ਪ੍ਰਸਾਦ ਬਨਾਰਸ ਵਾਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਪਾਰਥਾ ਸਾਰਥੀ ਜੀ ਨੇ ਤਬਲੇ ਪਰ ਐਸੀ ਸੰਗਤ ਕੀਤੀ ਕਿ ਸਰੋਤੇ ਅਨੰਦਿਤ ਹੋ ਗਏ। ਤਬਲੇ ਤੇ ਲਾਏ ਗਏ ਠੇਕੇ, ਲੈਅ ਕਾਰੀ ਤੇ ਤਿਹਾਈਆਂ ਕਮਾਲ ਹੀ ਕਮਾਲ ਸਨ ਜੋ ਸਰੋਤਿਆਂ ਦੇ ਮਨਾਂ ਵਿਚ ਵਸ ਗਈਆਂ।

"ਵਿਰਾਸਤ ਫਾਉਂਡੇਸ਼ਨ" ਵਲੋਂ ਗੁਰਸੇਬ ਸਿੰਘ ਸੰਧੂ, ਡਾ. ਜੋਗੀ, ਡਾ. ਕੋਹਲੀ, ਕੰਵਲਜੀਤ ਸਿੰਘ ਅਤੇ ਰਣਜੀਤ ਸਿੰਘ ਨੇ  ਕਲਾਕਾਰਾਂ ਨੂੰ ਬੁੱਕੇ ਪੇਸ਼ ਕੀਤੇ ਅਤੇ ਭੁਪਿੰਦਰ ਮੱਲ੍ਹੀ ਨੇ ਵੈਨਕੂਵਰ ਦੇ ਲੋਕਾਂ ਤੇ ਕਲਾਕਾਰਾਂ ਦਾ ਧੰਨਵਾਦ ਕੀਤਾ ।

10 ਕੁ ਸਾਲ ਪਹਿਲਾਂ ਹੋਂਦ 'ਚ ਆਈ ਵਿਰਾਸਤ ਫਾਊਂਡੇਸ਼ਨ ਵੱਲੋਂ ਭਾਰਤੀ ਕਲਾਸੀਕਲ ਸੰਗੀਤ ਦੇ ਉੱਚ-ਕੋਟੀ ਦੇ ਮਾਹਿਰ ਕਲਾਕਾਰਾਂ ਨੂੰ ਸਮੇਂ-ਸਮੇਂ ਵੈਨਕੂਵਰ ਦੇ ਦਰਸ਼ਕਾਂ ਦੇ ਰੂ-ਬਰੂ ਕਰਵਾਇਆ ਜਾਂਦਾ ਰਿਹਾ ਹੈ ਜਿਨ੍ਹਾਂ ਵਿਚ ਸਾਰੰਗੀ ਵਾਦਕ ਉਸਤਾਦ ਸੁਲਤਾਨ ਖ਼ਾਂ ਸਾਹਿਬ, ਤਬਲਾ ਵਾਦਕ ਉਸਤਾਦ ਲਛਮਣ ਸਿੰਘ ਸੀਨ, ਤਬਲਾ ਵਾਦਕ ਪੰਡਿਤ  ਸਵੱਪਨ ਚੌਧਰੀ, ਅਮੀਰ ਖ਼ਾਂ ਸਾਹਿਬ ਦੀ ਸ਼ਾਗਿਰਦ ਗਾਇਕਾ ਸ੍ਰੀਮਤੀ ਕਨਕਨਾ ਬੈਨਰਜੀ, ਸਰੋਦ ਵਾਦਕ ਗੁਰਦੇਵ ਸਿੰਘ, ਤਬਲਾ ਵਾਦਕ ਸੰਜੂ ਸਹਾਏ, ਵੋਕਲਿਸਟ ਅਜੀਤ ਸਿੰਘ ਪੈਂਤਲ, ਪੰਡਿਤ ਰਾਮੇਸ਼ ਮਿਸ਼ਰਾ, ਤਬਲਾ ਵਾਦਕ ਤਾਲਵੀਨ ਸਿੰਘ, ਦਿਲਬਾਗ ਸਿੰਘ, ਗੁਲਬਾਗ ਸਿੰਘ ਵਰਗੇ ਨਾਂ ਸ਼ਾਮਲ ਹਨ। ਇਨ੍ਹਾਂ ਵਲੋਂ ਉਸਤਾਦ ਲਛਮਣ ਸਿੰਘ ਸੀਨ ਅਤੇ ਉਸਤਾਦ ਸੁਲਤਾਨ ਖਾਨ ਬਾਰੇ ਤਿਆਰ ਕੀਤੇ ਗਏ ਖ਼ੂਬਸੂਰਤ ਸੋਵੀਨਾਰ ਸਾਰੀ ਦੁਨੀਆਂ ਵਿਚ ਸਲਾਹੇ ਗਏ ਹਨ। ਹੁਣ ਇਹ ਉਸਤਾਦ ਸ਼ਾਹਿਦ ਪਰਵੇਜ਼ ਸਿਤਾਰ ਵਾਦਕ ਅਤੇ ਉਸ ਤੋਂ ਬਾਅਦ ਉਸਤਾਦ ਤਾਰੀ ਖਾਨ ਤਬਲਾ ਵਾਦਕ ਦੀ ਸ਼ਾਨ ਵਿਚ ਵੀ ਦੋ ਸੋਵੀਨਾਰ ਤਿਆਰ ਕਰਨ ਜਾ ਰਹੇ ਹਨ।



ਇਸ ਤੋਂ ਬਿਨਾਂ ਸੰਨ 2000 ਅਤੇ ਸੰਨ 2003 ਵਿਚ ਕੈਨੇਡਾ 'ਚ ਅਤੇ ਸੰਨ 2007 ਵਿਚ ਜਲੰਧਰ ਦੇ 'ਦੇਸ਼ ਭਗਤ ਯਾਦਗਾਰ ਹਾਲ' ਵਿਚ ਕਰਵਾਈਆਂ ਗਈਆਂ "ਵਿਸ਼ਵ ਪੰਜਾਬੀ ਕਾਨਫਰੰਸਾਂ" ਵੀ "ਵਿਰਾਸਤ ਫਾਊਂਡੇਸ਼ਨ" ਦੀ ਦੇਣ ਸਨ । ਭੰਗੜਾ ਸੈਮੀਨਾਰ ਵੀ ਵਿਰਾਸਤ ਫਾਊਂਡੇਸ਼ਨ ਦੀ ਉਪਲਬਧੀ ਰਿਹਾ ਹੈ ।

"ਵਿਰਾਸਤ ਫਾਊਂਡੇਸ਼ਨ" 6 ਸਤੰਬਰ, 2008 ਨੂੰ ਦੁਨੀਆਂ ਦੇ ਮਸ਼ਹੂਰ ਸਿਤਾਰ ਵਾਦਕ ਉਸਤਾਦ ਸ਼ਾਹਿਦ ਪਰਵੇਜ਼ ਅਤੇ ਜੂਨ 2009 ਵਿਚ ਪੰਜਾਬ ਘਰਾਣੇ ਦੇ ਪ੍ਰਸਿੱਧ ਤਬਲਾ ਵਾਦਕ ਉਸਤਾਦ ਤਾਰੀ ਖਾਨ ਸਾਹਿਬ ਦੇ ਵਿਸ਼ੇਸ਼ ਪ੍ਰੋਗਰਾਮ ਕਰਵਾਉਣ ਜਾ ਰਹੀ ਹੈ। ਇਹ ਆਉਣ ਵਾਲੇ ਦੋਨੋਂ  ਪ੍ਰੋਗਰਾਮ ਵੀ ਵੈਨਕੂਵਰ ਤੇ ਆਸ ਪਾਸ ਦੇ ਨਿਵਾਸੀਆਂ ਲਈ ਇਕ ਯਾਦਗਾਰੀ ਪ੍ਰੋਗਰਾਮ ਹੋ ਨਿੱਬੜਨਗੇ

**ਭੁਪਿੰਦਰ ਮੱਲ੍ਹੀ**